# 2025 ਦੇ ਬਜਟ ਸਰਵੇਖਣ ਵਿੱਚ ਸਰੀ ਵਾਸੀਆਂ ਲਈ ਆਵਾਜਾਈ, ਸੁਰੱਖਿਆ ਅਤੇ ਰਿਹਾਇਸ਼ ਪ੍ਰਮੁੱਖ ਤਰਜੀਹਾਂ

ਤੁਰੰਤ ਰਿਲੀਜ਼: ਨਵੰਬਰ 19, 2024

**ਸਰੀ, ਬੀ.ਸੀ.** - 2025 ਦੇ ਬਜਟ ਸਲਾਹ-ਮਸ਼ਵਰੇ ਦੀ ਪ੍ਰਕਿਰਿਆ ਦੌਰਾਨ ਸਰੀ ਨਿਵਾਸੀਆਂ ਲਈ ਆਵਾਜਾਈ ਬੁਨਿਆਦੀ ਢਾਂਚਾ, ਜਨਤਕ ਸੁਰੱਖਿਆ ਅਤੇ ਰਿਹਾਇਸ਼ ਪ੍ਰਮੁੱਖ ਤਰਜੀਹਾਂ ਸਨ। ਲਗਾਤਾਰ ਦੂਜੇ ਸਾਲ, ਵਿੱਤੀ ਯੋਜਨਾ ਵਾਸਤੇ ਬਜਟ ਦੀਆਂ ਤਰਜੀਹਾਂ ਅਤੇ ਫੰਡਿੰਗ ਵਿਕਲਪਾਂ ਬਾਰੇ ਰਾਏ ਲੈਣ ਵਾਸਤੇ, ਸ਼ਹਿਰ ਦੇ ਹਰੇਕ ਟਾਊਨ ਸੈਂਟਰ ਵਿੱਚ ਓਪਨ ਹਾਊਸ ਆਯੋਜਿਤ ਕੀਤੇ ਗਏ ਸਨ। ਓਪਨ ਹਾਊਸ ਅਤੇ ਔਨਲਾਈਨ ਸਰਵੇਖਣਾਂ ਵਿੱਚ 3,300 ਤੋਂ ਵੱਧ ਲੋਕਾਂ ਨੇ ਨਿੱਜੀਤੌਰ 'ਤੇ ਪਹੁੰਚ ਕਰ, ਸਵਾਲ ਜਵਾਬ ਕੀਤੇ। ਇਸ ਸਾਲ, ਸਿਟੀ ਦੀ ਨਵੀਂ ਬਹੁ-ਭਾਸ਼ਾਈ ਸੰਚਾਰ ਨੀਤੀ ਤਹਿਤ ਸਰਵੇਖਣ ਪੰਜਾਬੀ ਵਿੱਚ ਵੀ ਕੀਤਾ ਗਿਆ ਸੀ। ਜ਼ਿਕਰਯੋਗ ਹੈ, ਇਸ ਬਜਟ ਸਰਵੇਖਣ ਵਿੱਚ ਅੰਗ੍ਰੇਜ਼ੀ ਤੋਂ ਇਲਾਵਾ ਹੋਰ ਭਾਸ਼ਾਵਾਂ ਬੋਲਣ ਵਾਲੇ ਭਾਗੀਦਾਰਾਂ ਦੀ ਪ੍ਰਤੀਸ਼ਤਤਾ ਵਿੱਚ 8% ਵਾਧਾ ਦੇਖਿਆ ਗਿਆ ਹੈ।

"ਜਨਤਕ ਸ਼ਮੂਲੀਅਤ ਸਿਰਫ਼ ਇੱਕ ਪ੍ਰਕਿਰਿਆ ਨਹੀਂ ਹੈ, ਬਲਕਿ ਇਹ ਸਾਡੀ ਲੋਕਤੰਤਰੀ ਪ੍ਰਣਾਲੀ ਦਾ ਇੱਕ ਅਨਿੱਖੜਵਾਂ ਅੰਗ ਹੈ," ਮੇਅਰ ਬ੍ਰੈਂਡਾ ਲਾਕ ਨੇ ਕਿਹਾ। "ਮੈਂ ਕਈ ਓਪਨ ਹਾਊਸਾਂ ਵਿੱਚ ਹਾਜ਼ਰੀ ਭਰੀ ਹੈ ਅਤੇ ਲੋਕਾਂ ਦੀ ਬਜਟ ਬਾਰੇ ਤਰਜੀਹਾਂ ਨੂੰ ਆਕਾਰ ਦੇਣ ਵਿੱਚ ਕਮਿਊਨਿਟੀ ਰਾਏ ਦੇ ਮੁੱਲ ਨੂੰ ਅੱਖੀਂ ਦੇਖਿਆ ਹੈ। ਹਰ ਆਵਾਜ਼ ਮਹੱਤਵਪੂਰਨ ਹੈ, ਅਤੇ ਸਾਡੇ ਵਸਨੀਕਾਂ ਦੀ ਗੱਲ ਸੁਣ ਕੇ, ਅਸੀਂ ਇਹ ਯਕੀਨੀ ਬਣਾ ਸਕਦੇ ਹਾਂ ਕਿ ਸਾਡਾ ਅੰਤਿਮ ਬਜਟ, ਸਰੀ ਦੇ ਸਾਰੇ ਨਾਗਰਿਕਾਂ ਦੀਆਂ ਲੋੜਾਂ ਅਤੇ ਇੱਛਾਵਾਂ ਨੂੰ ਸੱਚਮੁੱਚ ਦਰਸਾਉਂਦਾ ਹੈ।"

ਬਜਟ ਬਾਰੇ ਵਿਚਾਰ-ਵਟਾਂਦਰਾ ਕਰਨ ਉਪਰੰਤ ਪਤਾ ਲੱਗਾ ਹੈ ਕਿ ਆਉਣ ਵਾਲੇ ਬਜਟ ਲਈ ਸਰੀ ਵਾਸੀਆਂ ਦੀਆਂ ਪ੍ਰਮੁੱਖ ਤਰਜੀਹਾਂ ਵਿੱਚ ਸ਼ਾਮਲ ਹਨ:

- ਆਵਾਜਾਈ ਬੁਨਿਆਦੀ ਢਾਂਚਾ;
- ਜਨਤਕ ਸੁਰੱਖਿਆ ਅਤੇ ਐਮਰਜੈਂਸੀ ਸੇਵਾਵਾਂ;
- ਬੇਘਰ ਹੋਣ ਨੂੰ ਰੋਕਣਾ ਅਤੇ
- ਹਾਊਸਿੰਗ ਸਪਲਾਈ ਅਤੇ ਅਫ਼ੋਰਡੇਬਿਲਿਟੀ

ਸਰਵੇਖਣ 'ਚ ਹਿੱਸਾ ਲੈਣ ਵਾਲਿਆਂ ਨੇ ਬਜਟ ਲਈ ਫੰਡਿੰਗ ਤਰੀਕਿਆਂ 'ਤੇ ਵੀ ਰਾਏ ਦਿੱਤੀ ਹੈ। ਜਿਸ ਵਿੱਚ ਮੌਜੂਦਾ ਪ੍ਰੋਗਰਾਮਾਂ ਅਤੇ ਸੇਵਾਵਾਂ ਨੂੰ ਵਧਾਉਣ ਲਈ ਉਪਭੋਗਤਾ ਫੀਸਾਂ ਅਤੇ ਪ੍ਰੋਪਰਟੀ ਟੈਕਸਾਂ ਦੇ ਸੁਮੇਲ ਨਾਲ ਬਣਾਈ ਰੱਖਣ ਲਈ ਵੱਢੀ ਹਮਾਇਤ ਦਿੱਤੀ ਹੈ। 100,000 ਤੋਂ ਵੱਧ ਕਮਿਊਨਿਟੀ ਮੈਂਬਰਾਂ ਨੂੰ ਮਲਟੀ-ਚੈਨਲ ਮੁਹਿੰਮ ਜ਼ਰੀਏ ਬਜਟ ਪ੍ਰਕਿਰਿਆ 'ਚ ਹਿੱਸਾ ਲੈਣ ਦੇ ਮੌਕਿਆਂ ਬਾਰੇ ਸੂਚਿਤ ਕੀਤਾ ਗਿਆ ਸੀ, ਜਿਸ ਵਿੱਚ ਡਿਜੀਟਲ ਵਿਗਿਆਪਨ, ਇੰਟਰੈਕਟਿਵ ਵੈਬਪੇਜ, ਪ੍ਰਿੰਟ ਤੋਂ ਇਲਾਵਾ ਸਿਟੀ ਫਾਸਿਲਟੀਜ਼ ਅਤੇ ਸੜਕਾਂ 'ਤੇ ਡਿਜ਼ੀਟਲ ਡਿਸਪਲੇ ਸ਼ਾਮਲ ਹਨ। ਬਜਟ ਐਂਗਜਮੈਂਟ ਦੇ ਮੌਕੇ ਅੰਗਰੇਜ਼ੀ ਅਤੇ ਪੰਜਾਬੀ ਵਿੱਚ ਪ੍ਰਦਾਨ ਕਰਨ ਤੋਂ ਇਲਾਵਾ, ਔਨਲਾਈਨ ਸਰਵੇਖਣ ਸਮੇਤ ਸਰੀ ਦੇ ਛੇ ਟਾਊਨ ਸੈਂਟਰਾਂ ਵਿੱਚ ਵਿਅਕਤੀਗਤ ਓਪਨ ਹਾਊਸ ਵੀ ਕੀਤੇ ਗਏ।

ਅਗਲਾ ਕਦਮ ਸਿਟੀ ਸਟਾਫ ਵਲੋਂ ਕੌਂਸਲ ਲਈ ਇਨ੍ਹਾਂ ਨਤੀਜਿਆਂ ਦੀ ਸਮੀਖਿਆ ਕਰਨਾ ਅਤੇ 2025 ਦੇ ਬਜਟ ਦੀ ਲਈ ਦਿੱਤੇ ਗਏ ਵਿਚਾਰਾਂ ਦੀ ਵਰਤੋਂ ਕਰਨਾ ਹੈ, ਜਿਸਤੇ ਅਗਲੇ ਕੁਝ ਮਹੀਨਿਆਂ ਵਿੱਚ ਕੰਮ ਕੀਤਾ ਜਾਵੇਗਾ । ਇਹ ਉਮੀਦ ਕੀਤੀ ਜਾਂਦੀ ਹੈ ਕਿ ਇਸ ਬਾਰੇ ਡਰਾਫਟ ਬਜਟ 2025 ਦੇ ਸ਼ੁਰੂ ਵਿੱਚ ਕੌਂਸਲ ਨੂੰ ਪੇਸ਼ ਕੀਤਾ ਜਾਵੇਗਾ।

ਤੁਸੀਂ ਵਿਸਥਾਰਤ ਬਜਟ ਐਂਗਜਮੈਂਟ ਰਿਪੋਰਟ surrey.ca/budget2025 'ਤੇ ਜਾ ਕੇ ਦੇਖ ਸਕਦੇ ਹੋ ।

-30-

**ਮੀਡੀਆ ਇਨਕੁਆਰੀ :**

ਪ੍ਰਭਜੋਤ ਕਾਹਲੋਂ
ਮਲਟੀਕਲਚਰਲ ਮੀਡੀਆ ਰੀਲੈਸ਼ਨ ਲੀਡ
ਸਿਟੀ ਆਫ ਸਰੀ
prabhjot.kahlon@surrey.ca
C :236-878-6263